# ਮੈਂ ਆਪਣੀ ਪੰਜਾਬੀਅਤ ਦੀ ਪਛਾਣ ਲਈ ਲਿਖ ਰਿਹਾ ਹਾਂ_ ਰੰਧਾਵਾ

ਜਾਣ-ਪਛਾਣ :-
ਨਾਮ : ਮੁਹੰਮਦ ਅਫ਼ਜ਼ਲ ਰੰਧਾਵਾ
ਕਲਮੀ ਨਾਮ : ਅਫ਼ਜ਼ਲ ਅਹਿਸਾਨ ਰੰਧਾਵਾ
ਪਿਤਾ ਦਾ ਨਾਮ : ਸਰ ਸਰਾਫ਼ ਖਾਂ ਰੰਧਾਵਾ
ਜਨਮ ਤਾਰੀਕ : 1 ਸਤੰਬਰ, 1937
ਜਨਮ ਸਥਾਨ : ਅੰਮ੍ਰਿਤਸਰ
ਜੱਦੀ ਪਿੰਡ : ਕਾਇਮਪੁਰ (1947 ਤੋਂ ਪਹਿਲਾਂ ਇਹ ਪਿੰਡ ਜ਼ਿਲਾ ਗੁਰਦਾਸਪੁਰ ਦੀ ਤਹਿਸੀਲ ਨਾਰੋਵਾਲ 'ਚ ਅਉਂਦਾ ਸੀ।)
ਤਾਲੀਮ : ਬੀ.ਏ., ਐੱਲ. ਐੱਲ. ਬੀ.
ਕਿੱਤਾ : ਵਕਾਲਤ
ਵੱਖ-ਵੱਖ ਅਹੁਦੇ : ਐਡਵੋਕੇਟ ਹਾਈਕੋਰਟ, 1972 ਤੋਂ 77 ਤੱਕ ਮੈਂਬਰ ਕੌਮੀ ਅਸੈਂਬਲੀ ਪਾਕਿਸਤਾਨ, 1964-67 ਤੱਕ ਐਗਰੀਕਲਚਰ ਯੂਨੀਵਰਸਿਟੀ ਫੈਸਲਾਬਾਦ ਵਿੱਚ ਲਾਅ ਅਫ਼ਸਰ, ਮੈਂਬਰ ਬੋਰਡ ਆਫ਼ ਗਵਰਨਰ, ਮੈਂਬਰ ਨੈਸ਼ਨਲ ਕੌਂਸਲ ਆਫ਼ ਆਰਟ ਐਂਡ ਇੰਟਰਨੈਸ਼ਨਲ ਆਫ਼ ਫੋਕਲੋਰ ਹੇਰੀਟੇਜ਼ ਪਾਕਿਸਤਾਨ, ਮੈਂਬਰ ਫ਼ਿਲਮ ਸੈਂਸਰ ਬੋਰਡ ਪਾਕਿਸਤਾਨ, ਮੈਂਬਰ ਨੈਸ਼ਨਲ ਕਮੇਟੀ ਪਾਕਿਸਤਾਨ ਟੈਲੀਵਿਜ਼ਨ ਐਂਡ ਰੇਡੀਓ ਸਟੇਸ਼ਨ।
ਕੰਮ : 1) ਐਗਰੀਕਲਚਰ ਯੂਨੀਵਰਸਿਟੀ ਫ਼ੈਸਲਾਬਾਦ ਵਿਖੇ 'ਲਾਅਜ਼ ਓਨ ਐਗਰੀਕਲਚਰ ਲੈਂਡ ਇਨ ਪਾਕਿਸਤਾਨ ਵਿਸ਼ੇ 'ਤੇ ਖੋਜੀ ਕੰਮ ਕੀਤਾ ਅਤੇ ਕਿਤਾਬੀ ਰੂਪ ਦਿੱਤਾ।
2) ਸਲੰਮਜ਼ 'ਤੇ ਕੰਮ ਕੀਤਾ।
ਪਾਬੰਦੀਆਂ : 1) ਪਕਿਸਤਾਨ ਸਰਕਾਰ ਵਲੋਂ 1978 ਵਿੱਚ 7 ਸਾਲ ਲਈ ਰਾਜਨੀਤਕ ਸਰਗਰਮੀਆਂ 'ਤੇ ਪਾਬੰਦੀ ਲਾਈ।
2) ਮਾਰਸ਼ਲ ਲਾਅ ਦੌਰਾਨ 1981 ਵਿੱਚ ਡੀਟੇਨ ਕੀਤਾ।ਸਰਕਾਰੀ ਮੀਡੀਏ ਤੇ ਬੋਲਣ ਅਤੇ ਜਾਣ ਦੀ ਪਾਬੰਦੀ।
3) 'ਪੰਜਾਬ ਦੀ ਵਾਰ' ਕਾਵਿ-ਪੁਸਤਕ 'ਤੇ ਪਾਬੰਦੀ ਲਾਈ।

ਪ੍ਰਕਾਸ਼ਨਾ :

**(ੳ) ਨਾਵਲ** :

1. ਦੀਵਾ ਤੇ ਦਰਿਆ (1961) 2. ਦੋਆਬਾ (1981) 3. ਸੂਰਜ ਗ੍ਰਹਿਣ (1884) 4. ਪੰਧ (2001)

**(ਅ) ਕਥਾ ਪੁਸਤਕ** :

1. ਰੰਨ, ਤਲਵਾਰ ਤੇ ਘੋੜਾ (1973), 2. ਮੁੰਨਾ ਕੋਹ ਲਾਹੌਰ (1989) 3. ਰੰਧਾਵਾ ਦੀਆਂ ਚੋਣਵੀਆਂ ਕਹਾਣੀਆਂ(ਭਾਰਤ ਵਿੱਚ,1988)

**(ੲ) ਕਾਵਿ-ਸੰਗ੍ਰਹਿ** :

1. ਸ਼ੀਸ਼ਾ ਇੱਕ ਲਿਸ਼ਕਾਰੇ ਦੋ (1965), 2. ਰੱਤ ਦੇ ਚਾਰ ਸਫ਼ਰ (1975), 3. ਪੰਜਾਬ ਦੀ ਵਾਰ (ਲੰਬੀ ਕਵਿਤਾ (1979), 4. ਮਿੱਟੀ ਦੀ ਮਹਿਕ (1983) 5. ਪਿਆਲੀ ਵਿੱਚ ਆਸਮਾਨ (1983 ਗਜ਼ਲ ਸੰਗ੍ਰਹਿ), 6. ਛੇਵਾਂ ਦਰਿਆ (1997) 7. ਇੱਕ ਸੂਰਜ ਮੇਰਾ ਵੀ (ਉਰਦੂ ਸ਼ਾਇਰੀ ਗਜ਼ਲ ਸੰਗ੍ਰਹਿ 1985)

**(ਸ) ਰੇਡੀਓ ਨਾਟਕ** :

ਸੱਪ ਸੀਂਹ ਤੇ ਫਕੀਰ (1997)

**(ਹ) ਅਨੁਵਾਦਤ ਪੁਸਤਕਾਂ** :

1. ਤਾਰੀਖ਼ ਨਾਲ ਇੰਟਰਵਿਊ (ਵਾਰਤਕ 1986), 2. ਟੁੱਟ ਭੱਜ (ਅਫ਼ਰੀਕੀ ਨਾਵਲ 1986), 3. ਕਾਲਾ ਪਿੰਡਾ (ਕਵਿਤਾਵਾਂ 1988), 4. ਪਹਿਲਾਂ ਦਸ ਦਿੱਤੀ ਗਈ ਮੌਤ ਦਾ ਰੋਜ਼ਨਾਮਚਾ (ਸਪੇਨਿਸ਼ ਨਾਵਲ 1992) 5. ਬੁੱਢਾ ਜੋ ਇਸ਼ਕ ਕਹਾਣੀਆਂ ਪੜ੍ਹਦਾ (ਚਿੱਲੀ ਨਾਵਲ 1999)

(ਕ) ਪੁਰਸਕਾਰ :

1. 'ਦੀਵਾ ਤੇ ਦਰਿਆ' ਨਾਵਲ ਉਤੇ ਪੰਜਾਬ ਰਾਈਟਰ ਗਾਲਿਡਜ਼ ਐਵਾਰਡ (1960-61), 2. 'ਦੋਆਬਾ' ਨਾਵਲ ਉਤੇ (1980-81), 3. 'ਟੁੱਟ-ਭੱਜ' ਨਾਵਲ ਨੂੰ ਇੰਟਰਨੈਸ਼ਨਲ ਸ਼੍ਰੋਮਣੀ ਸਾਹਿਤ ਪੁਰਸਕਾਰ ਕਨੈਡਾ (1986), 4. 'ਸੂਰਜ ਗ੍ਰਹਿਣ' ਨਾਵਲ ਨੂੰ ਵਾਰਿਸ ਸ਼ਾਹ ਪੁਰਸਕਾਰ (1984), 5. ਪਾਕਿਸਤਾਨ ਅਕਾਡਮੀ ਵਲੋਂ 'ਰੰਨ, ਤਲਵਾਰ ਤੇ ਘੋੜਾ' ਨਾਵਲ ਨੂੰ ਬਾਬਾ ਫਰੀਦ ਅਵਾਰਡ (1990), 6. ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਵਲੋਂ ਪੁਰਸਕਾਰ (1993), 7. ਅਕਾਦਮੀ ਅਦਬਿਆਤ ਵਲੋਂ

ਪੁਰਸਕਾਰ (1994), 8. ਸਦਰ ਪਾਕਿਸਤਾਨ ਵਲੋਂ ਪੁਰਸਕਾਰ (1995-96), 9. ਪੰਜਾਬੀ ਸੱਥ ਲਾਂਬੜਾ (ਭਾਰਤ) ਵਲੋਂ ਬਾਬਾ ਫ਼ਰੀਦ ਪੁਰਸਕਾਰ (1997),10. ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ(ਭਾਰਤ) ਵਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ (2000), 11. ਲਾਈਫ਼ ਟਾਈਮ ਅਚੀਵਮੈਂਟ ਅਵਾਰਡ, ਵਰਲਡ ਪੰਜਾਬ ਫਾਊਂਡੇਸ਼ਨ ਕਨੈਡਾ (2001), 12. ਨਾਵਲ 'ਪੰਧ' ਉੱਤੇ ਖੱਦਰਪੋਸ਼ ਐਵਾਰਡ (2001), 13. ਨਾਵਲ 'ਪੰਧ' ਉਤੇ ਪਾਕਿਸਤਾਨ ਰਾਈਟਰ ਗਿਲਡਜ਼ ਐਵਾਰਡ-(2001)

? ਭਾਰਤ-ਪਾਕਿ ਦੀ ਸਮਾਜੀ ਬਣਤਰ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੇ ਸੰਦਰਭ ਵਿੱਚ ਦੱਸੋ?
- ਪਹਿਲਾਂ ਤਾਂ ਆਪਾਂ ਭਾਰਤ ਦੀ ਗੱਲ ਕਰੀਏ ਜਿਹਦੇ ਵਿੱਚ ਹਿੰਦੁਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਆਉਂਦੇ ਹਨ। ਇਸ ਗ੍ਰਹਿ ਉੱਪਰ ਮਨੁੱਖ ਦੀ ਉਤਪਤੀ ਤੇ ਜਨ-ਜੀਵਨ ਦਾ ਲੰਬਾ ਚੌੜਾ ਇਤਿਹਾਸ ਹੈ। ਇੱਥੇ ਹੜੱਪਾ, ਮਹਿੰਜੋਦੜੋ ਤੇ ਸਿੰਧ ਘਾਟੀ ਦੀ ਸੱਭਿਅਤਾ ਬਹੁਤ ਹੀ ਵਿਸ਼ਾਲ ਸੀ। ਪੱਕੀਆਂ ਗਲੀਆਂ ਨਾਲੀਆਂ ਸਨ। ਤੁਸੀਂ ਹੈਰਾਨ ਹੋਵੋਗੇ ਕਿ ਅੰਡਰਗਰਾਉਂਡ ਸੜਕਾਂ ਸਨ। ਇਹ ਸੱਭ ਕੁੱਝ ਆਰੀਅਨ ਦੀ ਆਮਦ ਤੋਂ ਪਹਿਲਾਂ ਮੌਜੂਦ ਸੀ। ਉਹ ਨਾਲ ਕੁੱਝ ਨਹੀਂ ਲੈ ਕੇ ਆਏ। ਉਨ੍ਹਾਂ ਕਿਵੇਂ ਭਾਰਤੀ ਸਮਾਜੀ ਬਣਤਰ ਵਿੱਚ ਦਖ਼ਲ ਅੰਦਾਜੀ ਕੀਤੀ ਤੇ ਇਹ ਤੇ ਕਬਜ਼ਾ ਕੀਤਾ ਇਹ ਲੰਬਾ ਇਤਿਹਾਸ ਹੈ।ਇਸੇ ਤਰ੍ਹਾਂ ਮੁਗਲ ਇੱਥੇ ਆਏ। ਉਹਨਾਂ ਨੇ ਵੀ ਆਰੀਅਨ ਲੋਕਾਂ ਵਾਂਗ ਇਸ ਦੇਸ਼ ਤੇ ਕਾਬਜ਼ ਹੋਣ ਲਈ ਯਤਨ ਕੀਤੇ। ਆਰੀਅਨ ਲੋਕਾਂ ਨੇ ਜਿਵੇਂ ਹਿੰਦੂ ਧਰਮ ਨੂੰ ਭਾਰਤੀ ਜਨ-ਜੀਵਨ ਦਾ ਹਿੱਸਾ ਬਣਾਇਆ ਮੁਗਲਾਂ ਨੇ ਵੀ ਇਸਲਾਮ ਦੀਆਂ ਜੜ੍ਹਾਂ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ।

? ਮੁਗਲਾਂ ਨੇ ਇਸਲਾਮ ਨੂੰ ਫੈਲਾਉਣ ਲਈ ਭਾਰਤ ਦੇ ਲੋਕਾਂ ਨੂੰ, ਇਥੋਂ ਦੇ ਧਰਮਾਂ ਨੂੰ, ਇਥੋਂ ਦੇ ਸੱਭਿਆਚਾਰ ਨੂੰ ਤਹਿਸ-ਨਹਿਸ ਕਿਵੇਂ ਕੀਤਾ?
- ਪਹਿਲੀ ਗੱਲ ਮੁਗਲ ਸ਼ਾਸ਼ਕ ਭਾਰਤ ਵਿੱਚ ਇਸਲਾਮ ਫੈਲਾਉਣ ਨਹੀਂ ਆਏ ਸਨ। ਨਾ ਹੀ ਅਸੀਂ ਉਨ੍ਹਾਂ ਨੂੰ ਇਸਲਾਮ ਧਰਮ ਦੇ ਪੈਰੋਕਾਰ ਮੰਨ ਸਕਦੇ ਹਾਂ। ਉਹ ਹਮਲਾਵਰ ਸਨ। ਉਹ ਹਮਲਾਵਰ ਦੇ ਰੂਪ ਵਿੱਚ ਆਏ ਸਨ। ਹਮਲਾਵਰ ਹਮੇਸ਼ਾ ਹੀ ਲੁੱਟ-ਖਸੁੱਟ ਕਰਦਾ ਹੈ। ਉਹਨਾਂ ਨੇ ਵੀ ਬਾਕੀ ਹਮਲਾਵਰਾਂ ਵਾਂਗ ਦੇਸ਼ ਨੂੰ ਲੁਟਿਆ ਸੀ। ਇਸ 'ਤੇ ਕਬਜ਼ਾ ਵੀ ਕੀਤਾ। ਰਹੀ ਇਸਲਾਮ ਨੂੰ ਫੈਲਾਉਣ ਦੀ ਗੱਲ। ਭਾਰਤ ਦੀ ਬੁਨਿਆਦ ਵਰਣ ਵਿਵਸਥਾ, ਚਮਤਕਾਰਾਂ ਅਤੇ ਧਰਮ ਤੇ ਅਧਾਰਿਤ ਹੋਣ ਕਾਰਨ ਮੁਗਲ ਹਮਲਾਵਰਾਂ ਨੇ ਵੀ ਸਮਾਨਅੰਤਰ ਧਰਮ ਫੈਲਾਇਆ।

? ਇਸਲਾਮ ਵਿੱਚ ਜਾਤ-ਪਾਤ ਦਾ ਪ੍ਰਬੰਧ ਨਹੀਂ ਹੈ। ਪਰ ਭਾਰਤੀ ਮੁਸਲਮਾਨਾਂ ਵਿੱਚ ਵੀ ਜ਼ਾਤ-ਪਾਤ ਦਾ ਫੈਲਾਅ ਹੋਇਆ?
- ਹਾਂ, ਮੁਸਲਮਾਨ ਧਰਮ ਵਿੱਚ ਜ਼ਾਤ-ਪਾਤ ਦੀ ਪ੍ਰਥਾ ਨਹੀਂ ਹੈ। ਪਰ ਹਿੰਦੂ ਧਰਮ ਨਾਲ ਜਿਹੜਾ ਵੀ ਧਰਮ ਰਿਹਾ, ਉਹ ਇਸ ਮਾੜੀ ਪ੍ਰਥਾ ਤੋਂ ਬਚ ਨਹੀਂ ਸਕਿਆ। ਲੋਕ ਹਿੰਦੂਆਂ ਤੋਂ ਜਿਵੇਂ ਸਿੱਖ ਬਣ ਗਏ, ਮੁਸਲਮਾਨ ਬਣ ਗਏ ਪਰ ਉਹਨਾਂ ਵਿੱਚ ਜਾਤ-ਪਾਤ ਦਾ ਕੋਹੜ ਨਹੀਂ ਗਿਆ। ਜਿਹੜੀਆਂ ਜਾਤਾਂ ਲੜੀਆਂ ਉਹ ਅੱਗੇ ਵੀ ਆਈਆਂ। ਜਿਵੇਂ ਪੰਜਾਬ ਦਾ ਜੱਟ ਪਹਿਲਾਂ ਸ਼ੂਦਰ ਸੀ। ਉਹ ਘੋੜੇ 'ਤੇ ਬੈਠ ਨਹੀਂ ਸੀ ਸਕਦਾ। ਰੇਸ਼ਮੀ ਕੱਪੜਾ ਨਹੀਂ ਸੀ ਪਾ ਸਕਦਾ। ਪਰ ਜੱਟਾਂ ਨੇ ਮਿਹਨਤ ਕਰਕੇ, ਲੜਾਈਆਂ ਲੜ ਕੇ ਸੱਤਾ ਤੇ ਪ੍ਰਾਪਰਟੀ ਪ੍ਰਾਪਤ ਕੀਤੀ।

? ਤੁਸੀਂ ਮੁੱਢ ਤੋਂ ਸ਼ਾਇਰ ਸੀ। ਕਹਾਣੀ ਤੇ ਨਾਵਲ ਲਿਖਣਾ ਕਿਵੇਂ ਸ਼ੁਰੂ ਕੀਤਾ?
ਮੇਰਾ ਇੱਕ ਦੋਸਤ ਸ਼ਾਇਰ ਸੀ। ਉਹ ਕਹਿੰਦਾ ਸ਼ਾਇਰੀ ਵੇਚ ਕੇ ਦਾਰੂ ਲੀਏ। ਇਹ 1959-60 ਦੀ ਗੱਲ ਹੈ। ਉਦੋਂ ਪਾਕਿਸਤਾਨ ਵਿੱਚ 28 ਰੁਪਏ ਦੀ ਸ਼ਰਾਬ ਦੀ ਇੱਕ ਬੋਤਲ ਮਿਲਦੀ ਸੀ। ਅਸੀਂ ਕੁੱਝ ਨਜ਼ਮਾਂ ਲੈਕੇ ਇੱਕ ਅਖਬਾਰ ਦੇ ਦਫ਼ਤਰ ਚਲੇ ਗਏ। ਸੰਪਾਦਕ ਕਹਿਣ ਲੱਗਾ ਨਜ਼ਮਾਂ ਮੇਰੇ ਕੋਲ ਬਥੇਰੀਆਂ ਪਈਆਂ। ਕੋਈ ਕਹਾਣੀ ਲਿਖਕੇ ਦਿਓ। 35 ਰੁਪਏ ਦਊਂਗਾ। ਰੁਪਈਆਂ ਦੇ ਲਾਲਚ ਨੂੰ ਮੈਂ ਪਹਿਲੀ ਕਹਾਣੀ 'ਰੰਨ, ਤਲਵਾਰ ਤੇ ਘੋੜਾ' ਲਿਖੀ। ਇਸ ਪਿਛੋਂ ਉਹਨੇ ਹੋਰ ਕਹਾਣੀਆਂ ਲਿਖਵਾਈਆਂ। ਫੇਰ ਨਾਵਲ ਲਿਖਣ ਲਈ ਜ਼ੋਰ ਪਾਉਣ ਲੱਗਾ। ਮੈਂ ਕਿਹਾ ਲਾਅ ਦੀ ਡਿਗਰੀ ਲੈ ਕੇ ਲਿੱਖ ਦਊਂ। ਪਰ ਉਹਨੇ ਨਾਵਲ ਛਾਪਣ ਬਾਰੇ ਅਖਬਾਰ ਵਿੱਚ ਲਗਾਤਾਰ ਇਸ਼ਤਿਹਾਰ ਛਾਪਣੇ ਸ਼ੁਰੂ ਕਰ ਦਿੱਤੇ। ਆਖ਼ਿਰ ਮੈਨੂੰ ਨਾਵਲ ਲਿਖਣਾ ਹੀ ਪਿਆ। 1961 ਵਿੱਚ ਮੈਂ ਆਪਣਾ ਪਹਿਲਾ ਨਾਵਲ 'ਦੀਵਾ ਤੇ ਦਰਿਆ' ਲਿਖ ਕੇ ਅਖਬਾਰ ਨੂੰ ਛਾਪਣ ਲਈ ਦਿੱਤਾ। ਮੇਰੇ ਇਸ ਨਾਵਲ ਤੋਂ ਪਹਿਲਾਂ ਪੰਜਾਬੀ ਵਿੱਚ ਸਿਰਫ਼ ਇੱਕ ਨਾਵਲ 'ਠੰਡਾ' ਲਿਖਿਆ ਜਾ ਚੁੱਕਾ ਸੀ।

? ਇੱਦਾਂ ਕਿਸੇ ਦੇ ਕਹਿਣ ਤੇ ਜਾਨਦਾਰ ਰਚਨਾ ਕੀਤੀ ਜਾ ਸਕਦੀ ਹੈ?
- ਇਕ ਦਮ ਲਿਖਿਆ ਤਾਂ ਕੱਚ ਘਰੜ ਹੋਵੇਗਾ। ਉਂਝ ਜੇ ਕੋਈ ਕਹਿ ਦੇਵੇ ਤਾਂ ਲੇਖਕ ਉਸ ਰਚਨਾ ਬਾਰੇ ਸੋਚੇ, ਮਿਹਨਤ ਕਰੇ, ਫੇਰ ਸੰਭਵ ਹੈ ਕਿ ਲਿਖ ਹੋ ਜਾਵੇਗਾ।

? ਤੁਹਾਡਾ 'ਦੋਆਬਾ' ਨਾਵਲ ਬੜਾ ਚਰਚਿਤ ਹੋਇਆ। ਇੰਨਾ ਜਾਨਦਾਰ ਨਾਵਲ ਕਲਪਨਾ ਦ੍ਰਿਸ਼ਟੀ ਦਾ ਕਮਾਲ ਹੈ ਜਾਂ ਯਥਾਰਥਵਾਦ ਦੇ ਵੀ ਅੰਸ਼ ਹਨ।
- ਗਲਪ ਹਮੇਸ਼ਾਂ ਕਲਪਨਾ ਤੇ ਯਥਾਰਥ ਦਾ ਮਿਸ਼ਰਨ ਹੁੰਦਾ ਹੈ। ਨਾਵਲ ਲਿਖਣ ਵੇਲੇ ਨਾਵਲਕਾਰ ਕੋਲ ਬਹੁਤ ਸਮੱਗਰੀ ਹੋਣੀ ਚਾਹੀਦੀ ਹੈ। ਜਿਹੜੀ ਕਿ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਮੌਜੂਦ ਹੋਵੇ।

? ਲੈ ਨੀ ਦਿੱਲੀਏ, ਇੱਕ ਮੁਸਾਫਿਰ ਗਿਆ ਉਡਾਰੀ ਮਾਰ। ਇਸ ਕਵਿਤਾ ਦਾ ਰਹੱਸ ਕੀ ਹੈ?

– ਮੈਂ ਵਿਸ਼ਵ ਪੰਜਾਬੀ ਕਾਨਫਰੰਸ ਲਈ ਦਿੱਲੀ ਆਇਆ ਸੀ। ਮੇਰੇ ਕੋਲ ਦਿੱਲੀ ਦਾ ਵੀਜ਼ਾ ਸੀ। ਮੇਰੀ ਜਨਮ ਭੋਂਇ ਅੰਮ੍ਰਿਤਸਰ ਹੈ। ਮੇਰੀਆਂ ਜੜ੍ਹਾਂ ਅੱਜ ਵੀ ਉਥੇ ਨੇ। ਉਂਝ ਜੜ੍ਹਾਂ ਨੂੰ ਭੁੱਲ ਜਾਣਾ ਚਾਹੀਦਾ ਪਰ ਮੈਥੋਂ ਭੁਲਿਆ ਨਹੀਂ ਜਾਂਦਾ। ਮੈਂ ਉਥੇ ਜਾਣਾ ਚਾਹੁੰਦਾ ਸੀ। ਭਾਰਤ ਸਰਕਾਰ ਨੇ ਮੈਨੂੰ ਅੰਮ੍ਰਿਤਸਰ ਦਾ ਵੀਜ਼ਾ ਨਾ ਦਿੱਤਾ। ਫੇਰ ਮੈਂ ਇਹ ਕਵਿਤਾ ਲਿਖੀ ਸੀ।

? ਤੁਸੀਂ ਭਾਰਤੀ ਪੰਜਾਬ ਬਾਰੇ ਜਾਂ ਸਿੱਖੀ ਬਾਰੇ ਕਿਥੋਂ ਲਿਖਦੇ ਹੋ। ਜਦਕਿ ਹੁਣ ਤੁਹਾਡਾ ਇਸ ਪੰਜਾਬ ਨਾਲ ਵਾਹ-ਵਾਸਤਾ ਨਹੀਂ ਹੈ?
– ਪਹਿਲੀ ਗੱਲ ਪੰਜਾਬੀ ਸਿੱਖਾਂ ਦੀ ਜ਼ੁਬਾਨ ਨਹੀਂ ਹੈ। ਇਸ ਭਾਸ਼ਾ ਨੂੰ ਬੋਲਣ ਵਾਲੇ ਸੱਭ ਤੋਂ ਵੱਧ ਮੁਸਲਮਾਨ ਹਨ। ਫੇਰ ਹਿੰਦੂ ਵੀ ਹਨ। ਮੈਂ ਸਿੱਖਾਂ ਬਾਰੇ ਨਹੀਂ ਲਿਖਦਾ। ਪੰਜਾਬੀਆਂ ਬਾਰੇ ਲਿਖਦਾ ਹਾਂ। ਪੰਜਾਬੀਆਂ ਬਾਰੇ ਲਿਖਣ ਲਈ ਮੈਂ ਜਮਾਤਾਂ ਨਹੀਂ ਲਾਉਂਦਾ। ਮੇਰੀ ਆਪਣੀ ਪਛਾਣ ਪੰਜਾਬੀਅਤ ਹੈ। ਮੈਂ ਅੰਮ੍ਰਿਤਸਰ ਵਿੱਚ ਜੰਮਿਆ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿੱਚ ਰਿਹਾ। ਮੈਂ ਤਾਂ ਆਪਣੀ ਪੰਜਾਬੀਅਤ ਦੀ ਪਛਾਣ ਲਈ ਹੀ ਲਿੱਖ ਰਿਹਾ ਹਾਂ। ਪੰਜਾਬੀ ਪੰਜਾਬੀਆਂ ਦੀ ਜ਼ੁਬਾਨ ਹੈ। ਸਾਡਾ ਵਿਰਸਾ ਹੈ। ਸੱਭਿਆਚਾਰ ਹੈ। ਮੇਰੀ ਪੰਜਾਬੀ ‘ਤੇ ਬੜੀ ਮਾਸਟਰੀ ਹੈ। ਇੱਕ ਵਾਰ ਭਾਸ਼ਾ ਵਿਭਾਗ ਨੇ ਮੇਰੇ ਨਾਵਲ ਨੂੰ ਪੁਰਸਕਾਰ ਦਿੱਤਾ। ਭਾਸ਼ਾ ਵਿਭਾਗ ਦੇ ਅਧਿਕਾਰੀਆਂ ਨੇ ਵੀ ਮੈਨੂੰ ਪੁੱਛਿਆ ਕਿ ਸਿੱਖਾਂ ਬਾਰੇ ਨਾਵਲ ਕਿਵੇਂ ਲਿੱਖ ਲੈਂਦੇ ਹੋ। ਮੈਂ ਕਿਹਾ ਕਿ ਇਹ ਸਿੱਖਾਂ ਬਾਰੇ ਨਾਵਲ ਨਹੀਂ ਹੈ, ਪੰਜਾਬੀਆਂ ਬਾਰੇ ਹੈ।

? ਤੁਸੀਂ ਦੇਸ਼ ਵਿਦੇਸ਼ ਘੁੰਮਦੇ ਫਿਰਦੇ ਹੋ ਪਰ ਸਫਰਨਾਮੇ ਨਹੀਂ ਲਿਖਦੇ?
– ਮੈਂ ਸਫਰਨਾਮਿਆਂ ਨੂੰ ਗਲਪ ਵਿੱਚ ਵਰਤ ਲੈਂਦਾ ਹਾਂ।ਉਂਝ ਵੀ ਅੱਜ-ਕੱਲ੍ਹ ਸਫਰਨਾਮਿਆਂ ਦੀ ਸਿਆਸਤ ਆਪਣੇ ਘੇਰੇ ਦੇ ਲੋਕਾਂ ਨੂੰ ਪੱਠੇ ਪਾਉਣ ਵਾਲੀ ਹੈ। ਚੰਗੀਆਂ ਗੱਲਾਂ ਅਤੇ ਘਟਨਾਵਾਂ ਦੀ ਜਾਣਕਾਰੀ ਪਾਠਕ ਨੂੰ ਦੇਣੀ ਹੁੰਦੀ ਹੈ, ਉਹ ਮੈਂ ਗਲਪ ਵਿੱਚ ਵਰਤਦਾ ਹਾਂ।

? ਸਰਕਾਰਾਂ ਲੇਖਕ ਤੋਂ ਮਨਮਰਜ਼ੀ ਦਾ ਲਿਖਵਾ ਸਕਦੀਆਂ ਹਨ?
– ਨਹੀਂ ਸਰਕਾਰਾਂ ਲੇਖਕ ‘ਤੇ ਦਬਾਅ ਨਹੀਂ ਪਾ ਸਕਦੀਆਂ। ਇਹ ਤਾਂ ਲੇਖਕ ਦੀ ਮਰਜ਼ੀ ਹੈ ਕਿ ਉਹਨੇ ਕੀ ਲਿਖਣਾ ਹੈ। ਜਾਂ ਆਪਣੇ ਨਿੱਜੀ ਹਿੱਤਾਂ ਖ਼ਾਤਰ ਵਰਤ ਹੋਣਾ ਹੈ। ਇਹ ਸੱਭ ਕੁੱਝ ਲੇਖਕ ਤੇ ਨਿਰਭਰ ਕਰਦਾ ਹੈ। ਉਂਝ ਪੰਜਾਬੀਆਂ ਦੀ ਪਛਾਣ ਸਥਾਪਤੀ ਵਿਰੋਧੀ ਰਹੀ ਹੈ ਤੇ ਲੋਕ ਸਰੋਕਾਰਾਂ ਨਾਲ ਜੁੜੀ ਰਹੀ ਹੈ।

? ਤੁਹਾਡਾ ਗਲਪ ਵੀ ਸ਼ਾਇਰੀ ਵਰਗਾ ਹੀ ਹੈ ?
– ਹਾਂ, ਮੇਰੇ ਗਲਪ ਵਿੱਚ ਸ਼ਾਇਰੀ ਦੇ ਵੀ ਅੰਸ਼ ਮੌਜੂਦ ਹਨ। ਕਿਉਂਕਿ ਸ਼ਾਇਰੀ ਮਨੁੱਖ ਦੀ ਜਾਂ ਲੇਖਕ ਦੀ ਮੁੱਢਲੀ ਵਿਧਾ ਹੈ। ਬਿਨਾਂ ਸ਼ਾਇਰੀ ਤੋਂ ਲ਼ੇਖਕ ਅਧੂਰਾ ਲੱਗਦਾ ਹੈ।
? ਤੁਸੀਂ ਪ੍ਰਵਾਸ ਬਾਰੇ ਖਾਸਕਰ ਯੂਰਪ ਦੇ ਦੇਸ਼ਾਂ ਬਾਰੇ ਵੀ ਗਲਪ ਸਿਰਜਣਾ ਕੀਤੀ ਹੈ। ਜਿਹੜੇ ਸਾਡੇ ਲੋਕ ਕਈ-ਕਈ ਸਾਲਾਂ ਤੋਂ ਉਥੇ ਰਹਿ ਰਹੇ ਹਨ ਅਤੇ ਲਿਖ ਰਹੇ ਹਨ। ਉਹ ਅਜੇ ਤੱਕ ਉਥੋਂ ਦੀ ਸੁਸਾਇਟੀ ਨੂੰ ਸਮਝ ਨਹੀਂ ਸਕੇ। ਤੁਸੀਂ ਕਿਵੇਂ ਸਮਝ ਕੇ ਲਿਖ ਰਹੇ ਹੋ?
– ਮੇਰੀ ਇੱਕ ਅੰਗਰੇਜ਼ ਦੋਸਤ ਸੀ। ਉਹ ਪੱਛਮ ਬਾਰੇ ਲਿਖਦੀ ਰਹੀ। ਉਸ ਕੋਲ ਬਣਾਏ ਹੋਏ ਨੋਟਸ ਸਨ। ਉਹਦੀਆਂ ਲਿਖਤਾਂ, ਡਾਇਰੀਆਂ, ਵਿਚਾਰਾਂ ਤੇ ਹੋਰ ਸਮੱਗਰੀ ਨੂੰ ਮੈਂ ਵਰਤਿਆ ਹੈ।

? ਤੁਹਾਡੇ ਲਿਖੇ ਨਾਵਲਾਂ ਵਿੱਚ ਕਿਸਾਨੀ ਦਾ ਇੱਕ ਘੇਰਾ ਆਇਆ ਹੈ। ਬਾਕੀ ਮੁਜਾਰੇ, ਸੀਰੀ, ਦਲਿਤ, ਪੱਛੜੀਆਂ ਜਾਤਾਂ ਜਾਂ ਕਿਸਾਨੀ ਨਾਲ ਸਬੰਧਤ ਹੋਰ ਘੇਰਾ ਨਹੀਂ ਆਇਆ?
– ਮੈਂ ਮੁੱਖ ਕੇਂਦਰ ਬਿੰਦੂ ਕਿਸਾਨੀ ਨੂੰ ਹੀ ਰੱਖਿਆ। ਮੇਰੇ ਉਤੇ ਕਿਸਾਨੀ ਦੀਆਂ ਸਮੱਸਿਆਵਾਂ ਜਾਂ ਉਨ੍ਹਾਂ ਦਾ ਜੀਵਨ ਭਾਰੂ ਰਿਹਾ ਹੈ। ਕਿਸਾਨੀ ਦੇ ਦੂਜੇ ਅੰਗਾਂ ਨਾਲ ਮੇਰਾ ਡੂੰਘਾ ਵਾਹ-ਵਾਸਤਾ ਨਹੀਂ ਪਿਆ ਜਾਂ ਕਹਿ ਲਉ ਕਿ ਮੈਂ ਉਨ੍ਹਾਂ ਬਾਰੇ ਕਦੇ ਗੰਭੀਰਤਾ ਨਾਲ ਸੋਚਿਆ ਨਹੀਂ।

? ਪਾਕਿਸਤਾਨ ਵਿੱਚ ਤੁਸੀਂ ਮਨੁੱਖੀ ਹੱਕਾਂ ਦੀ ਖਾਤਿਰ ਲੜਨ ਵਾਲੇ, ਮਾਨਵੀ ਭਾਈਚਾਰੇ ਦੀ ਬਿਹਤਰੀ ਲਈ ਲੜਨ ਵਾਲੇ ਵਜੋਂ ਜਾਣੇ ਜਾਂਦੇ ਹੋ। ‘ਓੜਕ ਮੁੱਕੇਗੀ ਇਹ ਰਾਤ’ ਕਵਿਤਾ ਤੁਸੀਂ ਖਾਲਿਸਤਾਨੀਆਂ ਦੇ ਹੱਕ ਵਿੱਚ ਲਿੱਖੀ। ਹਿੰਦੁਸਤਾਨ ਦੀ ਸਟੇਟ ਤੇ ਇਸ ਲਹਿਰ ਨੇ ਲੋਕਾਂ ਦਾ ਘਾਣ ਕੀਤਾ। ਤੁਸੀਂ ਕਿਉਂ ਇਸ ਲਹਿਰ ਦੇ ਹੱਕ ਵਿੱਚ ਭੁਗਤੇ?
– ਮੈਂ ਸਟੇਟ ਦੀਆਂ ਤਿਆਰ ਕੀਤੀਆਂ ਫੋਰਸਾਂ ਅਤੇ ਅਵਾਮ ਨੂੰ ਲੁੱਟਣ, ਕੁੱਟਣ ਤੇ ਵੰਡਣ ਵਾਲੀਆਂ ਲਹਿਰਾਂ ਦੇ ਹੱਕ ਵਿੱਚ ਨਹੀਂ ਹਾਂ। ਇੱਕ ਤੇ ਮੈਂ ਪੰਜਾਬ ਵਿੱਚ ਜੰਮਿਆ। ਮੇਰਾ ਸਿੱਖਾਂ ਨਾਲ ਮੋਹ-ਤੇਹ ਹੈ। ਉਦੋਂ ਸਟੇਟ ਨੇ ਖਾਲਿਸਤਾਨੀਆਂ ਨੂੰ ਮਾਰਨ ਦੇ ਨਾਂ ਤੇ ਸਿੱਖਾਂ ਨੂੰ ਖਾਸਕਰ ਪੰਜਾਬੀਆਂ ਨੂੰ ਬਲੀ ਦਾ ਬੱਕਰਾ ਬਣਾਇਆ। ਮੈਂ ਸਟੇਟ ਦੀ ਇਸ ਦਹਿਸ਼ਤਗਰਦੀ ਦੇ ਅੱਜ ਵੀ ਖਿਲਾਫ਼ ਹਾਂ। ਦੂਜਾ ਖਾਲਿਸਤਾਨੀ ਲਹਿਰ ਬਾਰੇ ਸਾਡੇ ਤੱਕ ਸਹੀ ਜਾਣਕਾਰੀ ਵੀ ਨਹੀਂ ਪਹੁੰਚੀ। ਅਸੀਂ ਪੰਜਾਬ ਸਮੱਸਿਆ ਨੂੰ ਸਿੱਖ ਕੌਮ ਦੀ ਅਜ਼ਾਦੀ ਦੇ ਸਵਾਲ ਵਜੋਂ ਦੇਖਦੇ ਰਹੇ ਹਾਂ।

? ਭਾਰਤੀ ਅਲੋਚਨਾ ਬਾਰੇ ਤੁਸੀਂ ਕਹਿੰਦੇ ਹੋ ਕਿ ਇਹ ਪੱਛਮ ਦੀਆਂ ਅਲੋਚਨਾ ਪ੍ਰਣਾਲੀਆਂ ਹਨ। ਪਾਕਿਸਤਾਨੀ ਸਾਹਿਤ ਦੀ ਅਲੋਚਨਾ ਹੈ ਹੀ ਨਹੀਂ। ਇਹ ਮੱਧ ਯੁੱਗ ਵਿੱਚ ਹੀ ਕਿਉਂ ਘੁੰਮੀ ਜਾ ਰਹੀ ਹੈ?

- ਅਸੀਂ ਤਾਂ ਕੱਲ੍ਹ ਤੁਰੇ ਹਾਂ। ਤੁਸੀਂ ਅਲੋਚਨਾ ਦੀ ਗੱਲ ਕਰਦੇ ਹੋ। ਅਜੇ ਤਾਂ ਪੰਜਾਬੀ ਸਾਹਿਤ ਲਿਖਣ ਵਾਲੇ ਉਂਗਲੀਆਂ ਤੇ ਗਿਣਨਯੋਗ ਲਿਖਾਰੀ ਹਨ। ਪਾਕਿਸਤਾਨ ਵਿੱਚ ਪੰਜਾਬੀ ਭਾਸ਼ਾ ਲਈ ਕੋਈ ਵੀ ਥਾਂ ਨਹੀਂ ਹੈ। ਇਹ ਕੋਈ ਸਰਕਾਰੀ ਭਾਸ਼ਾ ਨਹੀਂ ਹੈ। ਨਾ ਜਮਾਤਾਂ ਵਿੱਚ ਪੜ੍ਹਾਈ ਜਾਂਦੀ ਹੈ। ਇਹਦਾ ਕੁੱਝ ਲੇਖਕਾਂ ਨੇ ਮੁੱਢ ਬੰਨ੍ਹਿਆ ਹੈ। ਗਿਣਤੀ ਦੇ ਬੰਦੇ ਹਨ। ਪਾਕਿਸਤਾਨ ਵਿੱਚ ਵਿੱਦਿਆ ਮੌਲਾਣਿਆਂ ਦੇ ਹੱਥ ਵਿੱਚ ਹੈ। ਬਾਕੀ ਜਿਹੜੇ ਅਸੀਂ ਕੁੱਝ ਲੋਕ ਕੰਮ ਕਰ ਰਹੇ ਹਾਂ। ਉਹਦੀ ਕੋਈ ਯੋਜਨਾ ਜਾਂ ਸੇਧ ਨਹੀਂ ਹੈ। ਜਿਹਦਾ ਜੋ ਚਿੱਤ ਕਰਦਾ ਹੈ, ਲਿੱਖੀ ਜਾਂਦਾ ਹੈ। ਅਸੀਂ ਅਸੈਂਬਲੀਆਂ ਵਿੱਚ ਗਏ। ਉੱਥੇ ਪੰਜਾਬੀ ਪੜ੍ਹਾਈ ਦੀ ਮੰਗ ਰੱਖੀ। ਸਰਕਾਰ ਨੇ ਐੱਮ.ਏ. ਦੀਆਂ ਕਲਾਸਾਂ ਨੂੰ ਪੰਜਾਬੀ ਲਾ ਦਿੱਤੀ। ਯਾਨੀ ਸਰਕਾਰ ਨੇ ਪੰਜਾਬੀ ਦੀ ਛੱਤ ਪਾ ਦਿੱਤੀ। ਜਿਹਦੀਆਂ ਕੰਧਾਂ ਹੈ ਹੀ ਨਹੀਂ।

? ਤੁਸੀਂ ਅਫਰੀਕੀ ਮੁਗਲਾਂ ਦੀਆਂ 101 ਕਵਿਤਾਵਾਂ ਦੀ ਸਮੀਖਿਆ ਕਿਉਂ ਕੀਤੀ?
- ਮੈਂ ਅਫਰੀਕੀ ਮੁਗਲਾਂ ਦੀਆਂ 101 ਉਹ ਕਵਿਤਾਵਾਂ ਚੁਣੀਆਂ, ਜਿਹੜੀਆਂ ਸਥਾਪਤੀ ਵਿਰੋਧੀ ਸਨ। ਜਿਹਨਾਂ ਵਿੱਚ ਇਨਕਲਾਬ ਦਾ ਸਾਰ-ਅੰਸ਼ ਸੀ। ਮੈਂ ਇਹਨਾਂ ਕਵਿਤਾਵਾਂ ਦੀ ਚੋਣ ਦੂਜੇ ਮੁਲਕਾਂ ਦੇ ਅਮੀਰ ਇਨਕਲਾਬੀ ਵਿਰਸੇ ਨੂੰ ਦਰਸਾਉਣ ਲਈ ਕੀਤੀ ਤਾਂ ਕਿ ਮੇਰੇ ਮੁਲਕ ਦਾ ਅਵਾਮ ਵੀ ਕੋਈ ਇਨਕਲਾਬ ਦੇ ਰਾਹ 'ਤੇ ਤੁਰੇ।

? ਤੁਸੀਂ ਪੂਰਬੀ ਪੰਜਾਬ ਦੇ ਸਾਹਿਤ, ਉਰਦੂ ਸਾਹਿਤ ਤੇ ਪੱਛਮੀ ਪੰਜਾਬ ਦੇ ਸਾਹਿਤ ਦੀ ਤੁਲਨਾ ਕਰੋ?
- ਭਾਰਤੀ ਪੰਜਾਬ ਦਾ ਸਾਹਿਤ ਚੰਗੀ ਸਥਿਤੀ ਵਿੱਚ ਹੈ। ਜਦੋਂ ਅਸੀਂ ਆਪਣੇ ਵੱਲ ਨਿਗ੍ਹਾ ਮਾਰਦੇ ਹਾਂ, ਤਾਂ ਤੁਹਾਡੇ ਵਲੋਂ ਸੰਤੁਸ਼ਟੀ ਹੋ ਜਾਂਦੀ ਹੈ। ਭਾਵੇਂ ਇੱਥੇ ਵੀ ਕੰਮ ਦਾ ਪੱਧਰ ਬਹੁਤ ਉੱਚਾ ਨਹੀਂ ਹੈ ਪਰ ਫ਼ੇਰ ਵੀ ਤਸੱਲੀਬਖ਼ਸ਼ ਹੈ। ਪਾਕਿਸਤਾਨ ਵਿੱਚ ਉਰਦੂ ਭਾਸ਼ਾ ਦੀ ਸਥਿਤੀ ਬੇਹਤਰ ਹੈ। ਇਸ ਭਾਸ਼ਾ ਨੂੰ ਸਰਕਾਰੀ ਸਰਪ੍ਰਸਤੀ ਹਾਸਿਲ ਹੈ। ਉਰਦੂ ਵਿੱਚ ਅੱਛਾ ਸਾਹਿਤ ਲਿੱਖਿਆ ਜਾ ਰਿਹਾ ਹੈ।

? ਪਾਕਿਸਤਾਨ ਵਿੱਚ ਪੰਜਾਬੀਆਂ ਦੀ ਗਿਣਤੀ 62 ਪ੍ਰਤੀਸ਼ਤ ਹੈ। ਉਰਦੂ ਭਾਸ਼ਾ ਦੇ ਚਿੰਤਕ ਕਹਿੰਦੇ ਨੇ ਕਿ ਜੇਕਰ ਪੰਜਾਬੀ ਭਾਸ਼ਾ ਨੂੰ ਲਾਗੂ ਕਰ ਦਿੱਤਾ ਜਾਵੇ ਤਾਂ ਪੰਜਾਬੀ ਨੇ ਉਰਦੂ ਨੂੰ ਮਾਰ ਦੇਣਾ ਹੈ?
- ਕਿਵੇਂ ਮਰਜੂ। ਉਰਦੂ ਭਾਸ਼ਾ ਦੀ ਉਮਰ 100 ਸਾਲ ਤੋਂ ਉੱਪਰ ਹੈ। ਬਹੁਤ ਕੰਮ ਹੋ ਚੁਕਾ ਹੈ। ਉਹਦੇ ਕੋਲ ਸਰਕਾਰੀ ਸਰਪ੍ਰਸਤੀ ਹੈ।

? ਪਾਕਿਸਤਾਨ ਵਿੱਚ ਅੰਗਰੇਜ਼ੀ ਭਾਸ਼ਾ ਵੀ ਉਰਦੂ, ਪੰਜਾਬੀ ਤੇ ਹੋਰ ਭਾਸ਼ਾਵਾਂ ਨੂੰ ਪ੍ਰਭਾਵਿਤ ਕਰ ਰਹੀ ਹੈ?
- ਪਹਿਲਾਂ ਤਾਂ ਕੋਈ ਖਾਸ ਪ੍ਰਭਾਵ ਨਹੀਂ ਦਿਸਦਾ ਸੀ। ਹੁਣ ਵਿਸ਼ਵੀਕਰਨ ਦੇ ਦੌਰ ਵਿੱਚ ਫਰਕ ਪੈਣ ਲੱਗਾ ਹੈ। ਸਰਕਾਰਾਂ ਪੁਠੇ ਖੂਹ ਗੇੜਨ ਲੱਗ ਪਈਆਂ ਹਨ। ਆਪਣੀਆਂ ਭਾਸ਼ਾਵਾਂ ਦੀ ਬਲੀ ਦੇ ਕੇ ਵਪਾਰ, ਕੰਪਿਊਟਰ, ਸਾਇੰਸ ਦੇ ਨਾਮ ਉੱਤੇ ਅੰਗਰੇਜ਼ੀ ਦਾ ਰੌਲਾ ਪਾ ਰਹੀਆਂ ਹਨ।

? ਕੀ ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਮਰ ਜੂ? ਕਿਤੇ ਕਿੱਤਾ ਭਾਸ਼ਾ ਦੀ ਜਾਨ ਹੀ ਨਾ ਲੈ ਲਵੇ?
- ਪੰਜਾਬੀ ਭਾਸ਼ਾ ਪ੍ਰਭਾਵਤ ਹੋ ਸਕਦੀ ਹੈ। ਮਰ ਨਹੀਂ ਸਕਦੀ। ਇਹਦੇ ਕੋਲ ਲੋਕਾਂ ਦੀ ਅਥਾਹ ਗਿਣਤੀ ਹੈ। ਇਹਦੇ ਕੋਲ ਸੂਫੀਆਂ, ਫਕੀਰਾਂ, ਗੁਰੂਆਂ ਅਤੇ ਲੇਖਕਾਂ ਦੀਆਂ ਅਨਮੋਲ ਲਿਖਤਾਂ ਹਨ। ਜਿਹੜੀਆਂ ਪੰਜਾਬੀਆਂ ਦੇ ਖੂਨ ਵਿੱਚ ਸਮੋਈਆਂ ਹੋਈਆਂ ਹਨ। ਪੰਜਾਬੀ ਇਨ੍ਹਾਂ ਦੇ ਸਾਹੀਂ ਜਿਉਂਦੇ ਹਨ। ਪੰਜਾਬੀ ਭਾਸ਼ਾ ਵਿੱਚ ਸਾਇੰਸ ਪੜ੍ਹੀ ਜਾ ਸਕਦੀ ਹੈ। ਕੰਪਿਊਟਰ 'ਤੇ ਕੰਮ ਹੋ ਰਿਹਾ ਹੈ। ਵਪਾਰ ਹੋ ਰਿਹਾ ਹੈ। ਪੰਜਾਬੀ ਭਾਸ਼ਾ ਵਿੱਚ ਸੱਭ ਕੁੱਝ ਹੋ ਸਕਦਾ ਹੈ। ਇਹ ਤੇ ਸਰਕਾਰਾਂ ਅਤੇ ਅਵਾਮ 'ਤੇ ਨਿਰਭਰ ਹੈ ਕਿ ਉਹਨਾਂ ਆਪਣੀ ਭਾਸ਼ਾ ਨੂੰ ਕੀ ਦਿਸ਼ਾ ਦੇਣੀ ਹੈ ਤੇ ਕਿਸ ਹਾਲਤ ਵਿੱਚ ਰੱਖਣਾ ਹੈ। ਚਾਹੇ ਇਹਨੂੰ ਰਾਣੀ ਬਣਾ ਦੇਣ ਤੇ ਚਾਹੇ ਖਤਮ ਕਰ ਦੇਣ।